# ਧੂੰਆਂ ਮੁਕਤ ਓਨਟੈਰੀਓ ਕਨੂੰਨ 2005

## ਕਨੂੰਨ ਕਿਵੇਂ ਪ੍ਰਭਾਵਿਤ ਕਰਦਾ ਹੈ: ਬਾਰਾਂ ਅਤੇ ਰੈਸਟੋਰੈਂਟਾਂ ਨੂੰ

### ਮੂਲ ਆਧਾਰ

- ਧੂੰਆਂ ਮੁਕਤ ਓਨਟੈਰੀਓ ਕਨੂੰਨ 31ਮਈ, 2006 ਨੂੰ ਲਾਗੂ ਹੋ ਰਿਹਾ ਹੈ।
- ਇਹ ਕਨੂੰਨ ਓਨਟੈਰੀਓ ਵਿੱਚ ਬੰਦ ਕੰਮ ਦੀਆਂ ਥਾਵਾਂ ਅਤੇ ਬੰਦ ਜਨਤਕ ਥਾਵਾਂ 'ਤੇ ਸਿਗਰੇਟ ਪੀਣ ਤੋਂ ਮਨਾਹੀ ਕਰਦਾ ਹੈ ਤਾਕਿ ਕਰਮਚਾਰੀਆਂ ਅਤੇ ਜਨਤਾ ਨੂੰ ਦੂਜੇ ਹੱਥ ਦੇ ਧੂਏਂ ਦੇ ਨੁਕਸਾਨਾਂ ਤੋਂ ਬਚਾਇਆ ਜਾ ਸਕੇ।

### ਬਾਰ ਅਤੇ ਰੈਸਟੋਰੈਂਟ

ਕਿਸੇ ਵੀ ਬੰਦ ਜਗਾਹ 'ਤੇ ਸਿਗਰੇਟ ਪੀਣ ਦੀ ਪਾਬੰਧੀ ਹੈ, ਜਿਨ੍ਹਾਂ ਵਿੱਚ ਸ਼ਾਮਲ ਹਨ ਰੈਸਟੋਰੈਂਟ ਅਤੇ ਬਾਰ ਜਿਨ੍ਹਾਂ ਵਿੱਚ ਖਾਣ ਜਾਂ ਪੀਣ ਦੀਆਂ ਚੀਜ਼ਾਂ ਵਰਤਾਈਆਂ ਜਾਂਦੀਆਂ ਹਨ, ਵੇਚੀਆਂ ਜਾਂਦੀਆਂ ਹਨ ਜਾਂ ਖਪਤ ਲਈ ਉਪਲਭਧ ਕਰਵਾਈਆਂ ਜਾਂਦੀਆਂ ਹਨ। ਸਿਗਰੇਟ ਪੀਣ ਲਈ ਨਿਰਧਾਰਿਤ ਕਮਰੇ (DSRs) ਜਿਨ੍ਹਾਂ ਦੀ ਆਗਿਆ ਕਈ ਵਾਰੀ ਸਥਾਨਕ ਨਗਰ ਪਾਲਿਕਾ ਕਨੂੰਨਾਂ ਅਧੀਨ ਦਿੱਤੀ ਜਾਂਦੀ ਸੀ, ਹੁਣ ਉਹਨਾਂ 'ਤੇ ਪਾਬੰਧੀ ਹੈ।

### ਬਾਰ ਅਤੇ ਰੈਸਟੋਰੈਂਟ ਦੇ ਬਾਹਰਵਾਰ ਪੈਸ਼ੀਓ

ਜੇਕਰ ਪੈਸ਼ੀਓ ਦੇ ਛੱਤ ਹੈ ਤਾਂ ਸਿਗਰੇਟ ਪੀਣ ਦੀ ਮਨਾਹੀ ਹੈ, ਚਾਹੇ ਛੱਤ ਪੈਸ਼ੀਓ ਨੂੰ ਪੂਰੀ ਤਰਾਂ ਨਾ ਕੱਜਦੀ ਹੋਵੇ। ਛੱਤ ਵਿੱਚ ਸ਼ਾਮਲ ਹੈ ਤਾਰਪੀਨ, ਤਿਰਪਾਲ, ਕੈਨਵਸ ਚਾਦਰ ਜਾਂ ਹੋਰ ਕੱਚੀ ਜਾਂ ਪੱਕੀ ਪਰਤ ਜੋ ਬਾਰਸ਼ ਜਾਂ ਹਵਾ ਜਾਂ ਦੋਵਾਂ ਨੂੰ ਰੋਕ ਸਕਦੀ ਹੋਵੇ। ਇੱਕ ਇਕੱਲੀ ਛੱਤਰੀ ਜੋ ਸਿਰਫ਼ ਇੱਕ ਮੇਜ਼ ਨੂੰ ਕੱਜਦੀ ਹੋਵੇ ਨੂੰ ਛੱਤ ਨਹੀਂ ਮੰਨਿਆ ਜਾਵੇਗਾ। ਪਰ ਜੇਕਰ ਛੱਤਰੀਆਂ ਨੂੰ ਇਸ ਤਰਾਂ ਵਰਤਿਆ ਜਾਵੇ ਕਿ ਉਹ ਛੱਤ ਦਾ ਕੰਮ ਕਰਣ ਤਾਂ ਕੋਈ ਨਿਗਰਾਨ ਇਸ ਨੂੰ ਇਹ ਹੀ ਸਮਝੇਗਾ ਅਤੇ ਉਸੇ ਤਰਾਂ ਹੀ ਕਾਰਵਾਈ ਕਰੇਗਾ।

ਕੰਮ ਦੀ ਥਾਂ 'ਤੇ ਕੈਫ਼ੇਟੇਰੀਆ ਰੈਸਟੋਰੈਂਟਾਂ ਤਰਾਂ ਹੀ ਮੰਨੇ ਜਾਂਦੇ ਹਨ ਜਿੱਥੇ ਖਾਣ ਜਾਂ ਪੀਣ ਦੀਆਂ ਚੀਜ਼ਾਂ ਵਰਤਾਈਆਂ ਜਾਂਦੀਆਂ ਹਨ, ਵੇਚੀਆਂ ਜਾਂਦੀਆਂ ਹਨ ਜਾਂ ਖਪਤ ਲਈ ਉਪਲਭਧ ਕਰਵਾਈਆਂ ਜਾਂਦੀਆਂ ਹਨ। ਉਸੇ ਤਰਾਂ ਹੀ, ਉਹਨਾਂ ਨੂੰ ਵੀ ਕੈਫ਼ੇਟੇਰੀਆ ਜਾਂ ਖਾਣ ਪੀਣ ਦੇ ਇਲਾਕੇ ਦਾ ਹਿੱਸਾ ਹੋਣ ਵਾਲੇ ਜਾਂ ਨਾਲ ਲਗਦੇ ਪੈਸ਼ੀਓ ਸੰਬਧੀ ਸਿਗਰੇਟ ਪੀਣ ਦੀ ਪਾਬੰਧੀਆਂ ਅਤੇ ਹੇਠ ਲਿਖੀਆਂ ਜ਼ਰੂਰਤਾਂ ਦੀ ਪਾਲਣਾ ਕਰਣੀ ਚਾਹੀਦੀ ਹੈ

### ਮਾਲਕਾਂ ਦੀਆਂ ਜਿੰਮੇਵਾਰੀਆਂ

ਮਾਲਕਾਂ ਅਤੇ ਮੁਖੀਆਂ ਨੂੰ ਚਾਹੀਦਾ ਹੈ:

- ਇਸ ਗੱਲ ਨੂੰ ਯਕੀਨੀ ਬਨਾਉਣ ਕਿ ਆਉਣ ਵਾਲਿਆਂ ਨੂੰ ਪਤਾ ਹੋਵੇ ਸਿਗਰੇਟ ਪੀਣਾ ਮਨਾ ਹੈ।
- ਐਸ਼ਟਰੇ ਅਤੇ ਹੋਰ ਚੀਜਾਂ ਜੋ ਐਸ਼ਟਰੇ ਦਾ ਕੰਮ ਕਰਦੀਆਂ ਹਨ ਹਟਾ ਦੇਣ।
- ਇਸ ਗੱਲ ਨੂੰ ਯਕੀਨੀ ਬਨਾਉਣ ਕਿ ਲੋਗ ਅਤੇ ਕਰਮਚਾਰੀ ਉਹਨਾਂ ਦੀ ਇਮਾਰਤ 'ਤੇ ਸਿਗਰੇਟ ਨਾ ਪੀਣ।
- ਇਸ ਗੱਲ ਨੂੰ ਯਕੀਨੀ ਬਨਾਉਣ ਕਿ ਜੋ ਲੋਗ ਇਸ ਦੀ ਪਾਲਣਾ ਨਹੀਂ ਕਰਦੇ ਉਹ ਇਮਾਰਤ ਵਿੱਚ ਨਾ ਰਹਿਣ।

- *ਧੁਮਰਪਾਣ ਮਨਾਂ ਹੈ* ਨਿਸ਼ਾਨ ਸਾਰੇ ਪ੍ਰਵੇਸ਼ ਅਤੇ ਨਿਕਾਸ ਦਰਵਾਜਿਆਂ, ਗੁਸਲਖਾਨਿਆਂ ਅਤੇ ਹੋਰ ਸਹੀ ਜਗਾਹਾਂ ਉੱਤੇ ਲਗਾਉਣੇ ਚਾਹੀਦੇ ਹਨ ਤਾਕਿ ਸਭ ਨੂੰ ਪਤਾ ਲੱਗੇ ਕਿ ਸਿਗਰੇਟ ਪੀਣ 'ਤੇ ਪਾਬੰਧੀ ਹੈ। ਨਿਸ਼ਾਨ ਲੈਣ ਲਈ ਜਾਨਕਾਰੀ ਲਈ ਕਿਰਪਾ ਕਰ ਕੇ ਸਥਾਨਕ ਜਨਤੱਕ ਸੇਹਤ ਇਕਾਈ ਨਾਲ ਸੰਪਰਕ ਕਰੋ।

## ਜਨਤਾ ਦੀਆਂ ਜਿੰਮੇਵਾਰੀਆਂ

ਬੰਦ ਜਨਤੱਕ ਜਗਾਹਾਂ 'ਤੇ ਕੋਈ ਵੀ ਸਿਗਰੇਟ ਨਹੀਂ ਪੀ ਸਕਦਾ

## ਪਾਲਣਾ

ਸਥਾਨੀਕ ਜਨਤੱਕ ਸੇਹਤ ਇਕਾਈਆਂ ਕਨੂੰਨ ਦੀ ਪਾਲਣਾ ਕਰਵਾਉਣ ਲਈ ਬਾਰਾਂ ਅਤੇ ਰੈਸਟੋਰੈਂਟਾਂ ਵਿੱਚ ਜਾ ਕੇ ਵੇਖਣਗੀਆਂ ਅਤੇ ਸ਼ਿਕਾਇਤਾਂ ਦੀ ਪੁੱਛ ਪੜਤਾਲ ਕਰਣਗੀਆਂ। ਜਨਤੱਕ ਸੇਹਤ ਇਕਾਈ ਨਿਗਰਾਨਾਂ ਨੂੰ ਇਮਾਰਤ ਵਿੱਚ ਜਾ ਕੇ ਕਨੂੰਨ ਦੀ ਪਾਲਣਾ ਨੂੰ ਯਕੀਨੀ ਬਨਵਾਉਣ ਅਤੇ ਜ਼ੋਰ ਨਾਲ ਇਸ ਨੂੰ ਲਾਗੂ ਕਰਵਾਉਣ ਦਾ ਹੱਕ ਹੈ।

## ਜੁਰਮਾਨੇ

ਕਨੂੰਨ ਦੇ ਇਸ ਭਾਗ ਦੀ ਉਲੰਘਨਾਂ ਕੋਈ ਵੱਧ ਤੋਂ ਵੱਧ ਕਾਰਪੋਰੇਟ ਜੁਰਮਾਨਾ ਨਹੀਂ ਲਿਖਿਆ ਗਿਆ ਹੈ, ਇਸ ਦਾ ਮਤਲਬ ਹੈ ਕਿ ਜੁਰਮਾਨੇ ਦੀ ਰਕਮ ਨਿਆਂ ਅਦਾਲਤ 'ਤੇ ਨਿਰਭਰ ਕਰੇਗੀ। ਇੱਕ ਵਿਅਕਤੀ ਨੂੰ ਵੱਧ ਤੋਂ ਵੱਧ $5,000 ਦਾ ਜ਼ੁਰਮਾਨਾ ਹੋ ਸਕਦਾ ਹੈ।

ਇਹ ਤੱਥ ਸ਼ੀਟ ਕੇਵਲ ਜ਼ਲਦੀ ਦੇਖਣ ਦੇ ਕੰਮ ਆਉਣ ਲਈ ਹੈ। ਜਿਆਦਾ ਜਾਣਕਾਰੀ ਲਈ, ਕਿਰਪਾ ਕਰ ਕੇ ਅਪਣੀ ਸਥਾਨੀਕ ਜਨਤੱਕ ਸੇਹਤ ਇਕਾਈ ਨਾਲ ਸੰਪਰਕ ਕਰੋ।

ਤੁਸੀਂ ਮੁਫ਼ਤ ਫ਼ੋਨ ਕਰ ਕੇ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ:

- **ਇੰਫੋਲਾਇਨ** 1-866-396-1760
- **ਉੱਚਾ ਸੁਨਣ ਵਾਲਿਆਂ ਲਈ** 1-800-387-5559

ਕੰਮ ਦਾ ਸਮਾਂ: ਸੋਮਵਾਰ ਤੋਂ ਸ਼ੁੱਕਰਵਾਰ, 8:30 ਵਜੇ ਸਵੇਰ ਤੋਂ 5:00 ਵਜੇ ਸ਼ਾਮ

ਧੂੰਆਂ ਰਹਿਤ ਓਨਟੈਰੀਓ ਕਨੂੰਨ ਦੀ ਹੋਰ ਜਾਣਕਾਰੀ ਲਈ, ਕਿਰਪਾ ਕਰ ਕੇ ਓਨਟੈਰੀਓ ਸੇਹਤ ਉੱਨਤੀ ਮੰਤਰਾਲੇ ਦੀ ਵੇਬਸਾਇਟ ਤੇ ਜਾਓ: http://www.mhp.gov.on.ca/english/health/smoke_free/legislation.asp.

ਮਈ 2006



Ontario